# ਵਿਸ਼ਵੀਕਰਣ ਅਤੇ ਸਾਹਿਤ

ਜਗਬੀਰ ਸਿੰਘ

ਅਜੋਕੇ ਦੌਰ ਨੂੰ ਵਿਸ਼ਵੀਕਰਣ ਦਾ ਦੌਰ ਆਖਿਆ ਜਾਂਦਾ ਹੈ ਜੋ ਸਮੁੱਚੇ ਵਿਸ਼ਵ ਦੀ ਦਿਨੋ-ਦਿਨ ਬਦਲ ਰਹੀ ਨੁਹਾਰ ਦਾ ਸੂਚਕ ਹੈ। ਵਿਸ਼ਵੀਕਰਣ ਕੀ ਹੈ? ਇਸਦਾ ਸਥਾਨਕਤਾ ਨਾਲ ਕੀ ਸੰਬੰਧ ਹੈ? ਅਤੇ ਇਸਨੇ ਸਾਹਿਤ-ਸਭਿਆਚਾਰ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਤਲਾਸ਼ ਕਰਨ ਲਈ ਸਾਨੂੰ ਵਰਤਮਾਨ ਵਿਵਸਥਾ ਦੀ ਇਤਿਹਾਸਕ ਸਥਿਤੀ ਨੂੰ ਦ੍ਰਿਸ਼ਟੀਗੋਚਰ ਕਰਨਾ ਪਵੇਗਾ। ਵਿਗਿਆਨ ਅਤੇ ਟੈਕਨਾਲੋਜੀ ਦੇ ਭਰਪੂਰ ਵਿਕਾਸ ਅਤੇ ਸੰਚਾਰ-ਮਾਧਿਅਮਾਂ ਵਿਚ ਹੋ ਰਹੇ ਕ੍ਰਾਂਤੀਕਾਰੀ ਪਰਿਵਰਤਨਾਂ ਨੇ ਗਿਆਨ-ਖੇਤਰ ਵਿਚ ਵਿਸਫੋਟ ਦੀ ਇਕ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਹੈ ਜਿਸ ਨੇ ਸਮੁੱਚੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਸਮੇਂ ਅਤੇ ਸਥਾਨ ਦੀ ਦੂਰੀ ਇਸ ਤਰ੍ਹਾਂ ਸਿਮਟ ਗਈ ਹੈ ਕਿ ਸਮੁੱਚਾ ਵਿਸ਼ਵ ਅੱਜ ਸੁੰਗੜ ਕੇ ਇਕ ਵਿਸ਼ਵ-ਪਿੰਡ ਜਾਂ ਗਲੋਬਲ ਵਿਲੇਜ ਬਣ ਗਿਆ ਹੈ। ਗਿਆਨ ਦੇ ਇਸ ਵਿਸਫੋਟ ਨੇ ਜਿੱਥੇ ਵਿਸ਼ਵ-ਵਿਆਪੀ ਚੇਤਨਾ ਨੂੰ ਜਨਮ ਦਿੱਤਾ ਹੈ ਓਥੇ ਇਸ ਨੇ ਬਹੁ-ਰਾਸ਼ਟਰੀ ਸਰਮਾਏ ਲਈ ਸ਼ੋਸ਼ਣ ਦਾ ਰਾਹ ਵੀ ਪੱਧਰਾ ਕਰ ਦਿੱਤਾ ਹੈ। ਸਮਕਾਲੀ ਸ਼ਬਦਵਲੀ ਅਨੁਸਾਰ ਇਸੇ ਨੂੰ ਹੀ ਗਲੋਬਲਾਈਜ਼ੇਸ਼ਨ ਜਾਂ ਵਿਸ਼ਵੀਕਰਣ ਦੀ ਪ੍ਰਕਿਰਿਆ ਵੀ ਆਖਿਆ ਜਾਂਦਾ ਹੈ।

ਗਲੋਬਲਾਈਜ਼ੇਸ਼ਨ ਦੀ ਇਹ ਪ੍ਰਕਿਰਿਆ ਭਾਵੇਂ ਸਰਮਾਏਦਾਰੀ ਅਰਥ-ਵਿਵਸਥਾ ਦੇ ਦੌਰ ਵਿਚ ਹੀ ਸ਼ੁਰੂ ਹੋ ਚੁੱਕੀ ਸੀ ਪਰ ਅਜੋਕੇ ਸਮੇ ਇਸ ਵਿਚ ਹੈਰਾਨ-ਕੁੰਨ ਤੇਜ਼ੀ ਆਈ ਹੈ। ਇਸ ਦਾ ਸੰਬੰਧ ਸੋਵੀਅਤ ਯੂਨੀਅਨ ਦੇ ਵਿਗਠਨ ਤੋਂ ਉਪਰੰਤ ਵਿਸ਼ਵ-ਰੰਗਮੰਚ ਉੱਤੇ ਮੰਡੀ-ਆਰਥਕਤਾ ਅਤੇ ਕੰਜ਼ਿਊਮਰ-ਕਲਚਰ ਦੀ ਨੁਮਾਇੰਦਗੀ ਕਰਨ ਵਾਲੀ ਇਕ-ਧਰੁਵੀ ਵਿਸ਼ਵ-ਵਿਵਸਥਾ ਦੀ ਉਸਾਰੀ ਨਾਲ ਹੈ। ਪਾਰ-ਰਾਸ਼ਟਰੀ ਸਰਮਾਏ ਦੀ ਚੌਧਰ ਸਥਾਪਿਤ ਕਰਨ ਵਾਲੀ ਇਹ ਨਵੀਂ ਵਿਸ਼ਵ-ਵਿਵਸਥਾ ਕਿ ਵਿਸ਼ੇਸ਼ ਭਾਂਤ ਦੇ ਸਭਿਆਚਾਰਕ ਬਸਤੀਵਾਦ ਨੂੰ ਉਤਸਾਹਿਤ ਕਰਦੀ ਹੈ ਅਤੇ ਸਥਾਨਕ ਸਭਿਆਚਾਰਾਂ ਦੀ ਵੰਨ-ਸੁਵੰਨਤਾ ਨੂੰ ਮਿਟਾਉਣ ਵਲ ਰੁਚਿਤ ਹੁੰਦੀ ਹੈ। ਸਥਾਨਕ ਸਭਿਆਚਾਰਾਂ ਲਈ ਇਸ ਚੁਣੌਤੀ ਨਾਲ ਨਜਿੱਠਣਾ ਮੂਲ ਸਮੱਸਿਆ ਬਣੀ ਹੋਈ ਹੈ। ਪਰ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਵਿਚਾਰਨ ਲਈ ਵਿਸ਼ਵੀ (ਗਲੋਬਲ) ਅਤੇ ਸਥਾਨਕ (ਲੋਕਲ) ਦੇ ਪਰਸਪਰ ਰਿਸ਼ਤੇ ਨੂੰ ਸਪਸ਼ਟ ਕਰਨਾ ਜ਼ਰੂਰੀ ਜਾਪਦਾ ਹੈ। ਕਾਰਨ ਇਹ ਹੈ ਕਿ ਉੱਤਰ-ਆਧੁਨਿਕ ਚਿੰਤਨ ਦੇ ਅਜੋਕੇ ਦੌਰ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਸਾਧਾਰਣ ਅਰਥਾਂ ਤੋਂ ਇਲਾਵਾ ਵਿਸ਼ੇਸ਼ ਭਾਂਤ ਦੇ ਤਕਨੀਕੀ ਅਰਥਾਂ ਵਿਚ ਵੀ ਕੀਤੀ ਜਾਂਦੀ ਹੈ। ਮਿਸਾਲ ਵਜੋਂ ਚਿੰਤਨ ਅਤੇ ਚੇਤਨਾ ਦੇ ਇਸ ਨਵੇਂ ਮਾਹੌਲ ਵਿਚ ਗਲੋਬਲ ਸ਼ਬਦ ਅੱਜ ਸਿਰਫ਼ ਸਮੁੱਚੇ ਵਿਸ਼ਵ ਜਾਂ ਭੂ-ਮੰਡਲ ਦਾ ਲਖਾਇਕ ਨਹੀਂ ਰਿਹਾ ਸਗੋਂ ਬਹੁ-ਰਾਸ਼ਟਰੀ ਸਰਮਾਏ ਦੇ ਵਧ ਰਹੇ ਪ੍ਰਭਾਵ ਵਜੋਂ ਉੱਸਰ ਰਹੀ ਨਵੀਂ ਵਿਸ਼ਵ-ਵਿਵਸਥਾ ਵਲ ਵੀ ਸੰਕੇਤ ਕਰਦਾ ਹੈ। ਇਸ ਤਰ੍ਹਾਂ ਇਸ ਸ਼ਬਦ ਦੀਆਂ ਅਰਥ-ਧੁਨੀਆਂ ਸਮਾਜ ਅਤੇ ਸਭਿਆਚਾਰ ਦੇ ਧਰਾਤਲ ਉੱਤੇ ਲੁਕਵੇਂ ਜਾਂ ਪ੍ਰਗਟ ਸੱਤਾ- ਸੰਘਰਸ਼ਾਂ, ਵਿਚਾਰਧਾਰਾਈ ਵਿਰੋਧਾਂ ਅਤੇ ਅੰਤਰ-ਵਿਰੋਧਾਂ ਦੀ ਦੱਸ ਵੀ ਪਾਉਂਦੀਆਂ ਹਨ। ਅਸਲ ਵਿਚ ਲੋਕਲ ਅਤੇ ਗਲੋਬਲ ਪਰਸਪਰ ਸੰਬੰਧਿਤ ਸੰਕਲਪ

ਹਨ। ਇਹ ਦੋਵੇਂ ਸੰਕਲਪ ਆਰਥਕ ਅਤੇ ਰਾਜਨੀਤਕ ਧਰਾਤਲ ਉੱਤੇ ਹੀ ਨਹੀਂ ਸਗੋਂ ਸਭਿਆਚਾਰ ਅਤੇ ਗਿਆਨ-ਸ਼ਾਸਤਰ ਦੇ ਧਰਾਤਲ ਉੱਤੇ ਵੀ ਇਕ ਦੂਸਰੇ ਨੂੰ ਮੋੜਵੇਂ ਰੂਪ ਵਿਚ ਪ੍ਰਭਾਵਿਤ ਕਰਦੇ ਹਨ।

ਵਿਸ਼ਵੀਕਰਣ ਦੀ ਇਸ ਪ੍ਰਕਿਰਿਆ ਨੇ ਸਮਕਾਲੀ ਸਾਹਿਤ-ਸਭਿਆਚਾਰ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸਦਾ ਅਸਰ ਵਿਸ਼ੇਸ਼ ਤੌਰ ਤੇ ਸਮਕਾਲੀ ਕਵਿਤਾ ਅਤੇ ਕਹਾਣੀ ਵਿੱਚ ਦੇਖਿਆ ਜਾ ਸਕਦਾ ਹੈ। ਪਾਰ-ਰਾਸ਼ਟਰੀ ਸਰਮਾਇਦਾਰੀ ਨੇ ਵਿਕਸਿਤ ਸੰਚਾਰ-ਮਾਧਿਅਮਾਂ ਦੀ ਵਰਤੋਂ ਰਾਹੀਂ ਮੰਡੀ ਅਰਥ-ਚਾਰੇ ਅਤੇ ਖਪਤ-ਸਭਿਆਚਾਰ ਨੂੰ ਉਤਸਾਹਿਤ ਕਰਕੇ ਸਾਡੇ ਆਲ-ਦੁਆਲੇ ਇਕ ਅਜਿਹਾ ਯਥਾਰਥ (ਜਾਂ ਅਤਿ-ਯਥਾਰਥ) ਸਿਰਜ ਦਿੱਤਾ ਹੈ ਜੋ ਚੀਜ਼ਾਂ-ਵਸਤਾਂ ਦੇ ਮਸਨੂਈ ਬਿੰਬਾਂ ਦੀ ਭਰਮਾਰ ਦਾ ਲਖਾਇਕ ਹੈ। ਇਸ ਮਸਨੂਈ ਕਿਸਮ ਦੇ ਯਥਾਰਥ-ਬੋਧ ਨੇ ਸਾਡੇ ਪਰੰਪਰਕ ਜੀਵਨ-ਮੁੱਲਾਂ ਅਤੇ ਸਹਿਜ-ਤੋਰੇ ਤੁਰ ਰਹੀ ਜੀਵਨ-ਜਾਚ ਲਈ ਸੰਕਟ ਖੜ੍ਹਾ ਕਰ ਦਿੱਤਾ ਹੈ। ਇਸ ਵਿਵਸਥਾ ਦਾ ਵਿਚਾਰਧਾਰਾਈ ਉਸਾਰ ਉਲਾਰ ਕਾਮੁਕਤਾ ਅਤੇ ਛਿਣ-ਭੰਗਰੀ ਸੁਖ ਦੀ ਲਾਲਸਾ ਨੂੰ ਉਤੇਜਿਤ ਕਰਨ ਵਾਲਾ ਹੈ ਕਿਉਂਜੋ ਇਸੇ ਵਿੱਚ ਹੀ ਇਸਦੇ ਆਰਥਕ ਹਿੱਤਾਂ ਦੀ ਪੂਰਤੀ ਲੁਕੀ ਹੋਈ ਹੈ। ਸਮਕਾਲੀ ਸਾਹਿਤ ਵਿੱਚ ਇਸੇ ਸਥਿਤੀ ਦਾ ਪ੍ਰਗਟਾਵਾ ਵਧੇਰੇ ਹੋ ਰਿਹਾ ਹੈ।

ਸੰਕਟ ਦੀ ਇਸ ਸਥਿਤੀ ਵਿਚੋਂ ਨਿਕਲਣ ਦਾ ਕੇਵਲ ਇਕੋ-ਇਕ ਰਸਤਾ ਹੈ। ਉਹ ਹੈ ਸਥਾਨਕਤਾ ਦੀ ਸਮਝ ਅਤੇ ਸੂਝ ਨੂੰ ਉਜਾਗਰ ਕਰਨਾ ਅਤੇ ਆਪਣੇ ਵਿਰਸੇ ਦੀਆਂ ਰਵਾਇਤੀ ਕਦਰਾਂ-ਕੀਮਤਾਂ ਦੇ ਮਹੱਤਵ ਨੂੰ ਪਛਾਨਣਾ। ਇਸ ਮੰਤਵ ਲਈ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਮੁੱਦਈਆਂ ਨੂੰ ਆਪਣੀ ਸਿਰਜਣਾਤਮਕ ਭੂਮਿਕਾ ਨਿਭਾਉਣੀ ਪਵੇਗੀ। ਵਿਸ਼ਵੀਕਰਣ ਦੇ ਝਖੜ ਵਿੱਚ ਜੜ੍ਹੋਂ ਉਖੜਦੀ ਜਾ ਰਹੀ ਸਥਾਨਕਤਾ ਆਪਣੇ ਆਪ ਨਹੀਂ ਬਚੇਗੀ, ਇਸਨੂੰ ਬਚਾਉਣਾ ਪਵੇਗਾ। ਇਹ ਜ਼ਿੰਮੇਵਾਰੀ ਸਾਹਿਤਕਾਰਾਂ ਦੀ ਵੀ ਹੈ ਅਤੇ ਆਲੋਚਕਾਂ ਦੀ ਵੀ। ਸਾਡੀ ਖ਼ੁਸ਼-ਕਿਸਮਤੀ ਹੈ ਕਿ ਸਾਡੇ ਪਾਸ ਕਲਾਸੀਕਲ ਅਤੇ ਮੱਧਕਾਲੀਨ ਦੌਰ ਦਾ ਅਮੀਰ ਗਿਆਨ-ਸ਼ਾਸਤਰੀ ਵਿਰਸਾ ਹੈ ਜਿਸਨੇ ਸਾਡੀ ਜੀਵਨ-ਜਾਚ ਦੇ ਨੈਣ-ਨਕਸ਼ ਘੜੇ ਹਨ। ਇਹ ਵਿਰਸਾ ਵਰਤਮਾਨ ਨਾਲ ਸੰਵਾਦ ਰਚਾਉਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਲੋੜ ਇਸਦੀ ਨਵੇਂ ਸਿਰਿਓਂ ਪੁਨਰ-ਵਿਆਖਿਆ ਦੀ ਹੈ ਤਾਂ ਜੋ ਇਸਨੂੰ ਸਮੇਂ ਦੇ ਹਾਣ ਦਾ ਬਣਾਇਆ ਜਾ ਸਕੇ।